ਵਾਹਿਗੁਰੂ ਜੀ ਕੀ ਫਤਹਿ

# INSTITUTE OF SIKH STUDIES (REGD)

GURDWARA SINGH SABHA, KANTHALA, IA, PHASE II, TRIBUNE CHOWK, CHANDIGARH - 160002
Phone: +91 172 2642580, 2642581
Email: iosschd@gmail.com; Web: www.sikhinstitute.org

S Gurdev Singh, IAS (retd)
Patron
+91 172 2600410

Dr Kirpal Singh, Prof Emer
Chairman
Sikh History Project
+91 9316005061

EXECUTIVE COMMITTEE

Dr Birendra Kaur
President
+91 9888901024

Bhai Ashok Singh
Vice-President
+91 9814095308

S Sadhu Singh
Secretary
+91 9878019793

S Ishwinder Singh
Jt Secretary
+91 9815164749

S Gurpreet Singh
Treasurer
+91 9815193839

Bibi Baljit Kaur
Member
+91 9872923851

Lt Gen Kartar Singh PVSM
Member
+91 9814499969

Ref:IOSS/2014/Oct/6

ਅਕਤੂਬਰ 15, 2014

ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ
ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ
ਸ੍ਰੀ ਅੰਮ੍ਰਿਤਸਰ

ਵਿਸ਼ਾ: ਸੰਵਿਧਾਨ ਦੇ ਆਰਟੀਕਲ 25 ਬਾਰੇ

ਸਤਿਕਾਰਯੋਗ ਜਥੇਦਾਰ ਸਾਹਿਬ,

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ॥

ਭਾਰਤ ਸੰਵਿਧਾਨ ਦੇ ਆਰਟੀਕਲ 25 (ਕਾਪੀ ਨੱਥੀ) ਸੰਬੰਧੀ, ਇਹ ਪੱਤਰ ਆਪ ਨੂੰ ਪਿਛਲੇ ਸਾਲ ਭੇਜੇ ਪੱਤਰ (ਕਾਪੀ ਨੱਥੀ) ਦੀ ਯਾਦ-ਦਹਾਨੀ ਵਜੋਂ ਭੇਜ ਰਹੇ ਹਾਂ। ਇਸੇ ਮਸਲੇ ਬਾਰੇ 2 ਹੋਰ ਮਹਤਵਪੂਰਨ ਪੱਖਾਂ ਤੇ ਵੀ ਆਪ ਦਾ ਧਿਆਨ ਦਿਵਾਨ ਦਾ ਅਵਸਰ ਮੰਗਦੇ ਹਾਂ।

1. ਗੁਰੂ ਗ੍ਰੰਥ ਸਾਹਿਬ ਵਿਚ ਦਰਜ "ਨਾ ਹਮ ਹਿੰਦੂ ਨਾ ਮੁਸਲਮਾਨ" ਬਾਣੀ ਅਨੁਸਾਰ ਸਾਡਾ ਧਰਮ ਸਾਨੂੰ ਹਿੰਦੂ ਜਾਂ ਮੁਸਲਮਾਨ ਸ਼ੁਮਾਰ ਨਹੀਂ ਕਰਦਾ ਹੈ। ਜਦੋਂ ਕੇ ਸੰਵਿਧਾਨ ਸਾਨੂੰ 'ਹਿੰਦੂ' ਪ੍ਰਸਤੁਤ ਕਰ ਰਿਹਾ ਹੈ (Explanation, II) ਜੋ ਕਿ ਸਪਸ਼ਟ ਤੌਰ ਤੇ ਧਾਰਮਕ ਨਿਸਚੇ ਦੀ ਉਲੰਘਣਾ ਹੈ।
2. ਆਰਟੀਕਲ 25 ਮਦ (2)b ਰਾਹੀਂ ਹਿੰਦੂ ਧਾਰਮਕ ਸੰਸਥਾਵਾਂ ਤੇ ਅਦਾਰਿਆਂ ਨੂੰ ਹਿੰਦੂ ਧਰਮ ਦੀਆਂ ਸਾਰੀਆਂ ਸ਼੍ਰੇਣੀਆਂ ਲਈ ਖੁਲੇ ਰਖਣ ਦੀ ਹਦਾਇਤ ਹੈ ਜਦੋਂ ਕਿ ਸਿਖਾਂ ਦੇ ਧਾਰਮਿਕ ਅਦਾਰੇ ਤਾਂ ਸ਼ੁਰੂ ਤੋਂ ਹੀ ਸਾਰੇ ਮੱਨੁਖੀ ਸਮਾਜ ਲਈ ਖੁਲੇ ਹਨ। ਇਸ ਕਰਕੇ ਇਸ ਧਾਰਾ ਵਿਚ ਸਿੱਖੀ ਦੀ ਗਲਤ ਪੇਸ਼ਕਾਰੀ ਹੈ ਅਤੇ ਸਿੱਖ ਧਰਮ ਦਾ ਜ਼ਿਕਰ ਬੇਲੋੜਾ ਹੈ ।

ਅਫਸੋਸਜਨਕ ਹੈ ਕਿ ਸਾਡੇ ਧਰਮ ਨੂੰ ਅਪਣੇ ਹੀ ਘਰ, ਆਪਣੀ ਹੀ ਧਰਤੀ ਤੇ ਗਲਤ ਲਹਿਜੇ ਵਿਚ ਪ੍ਰਗਟਾਇਆ ਜਾ ਰਿਹਾ ਹੈ ਅਤੇ ਸਾਡੀ ਵੱਖਰੀ ਪਹਿਚਾਣ ਅਤੇ ਸਤਕਾਰਿਤ ਸਮਾਜੀ ਹੋਂਦ ਤੋਂ ਵਾਂਝਿਆ ਜਾ ਰਿਹਾ ਹੈ।

ਸਾਡੀ ਹਾਰਦਿਕ ਬੇਨਤੀ ਹੈ ਕਿ ਆਪ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਮਾਨਵਰ ਹੈਸੀਅਤ ਰਖਦਿਆਂ ਇਕ ਬਿਆਨ ਜਾਰੀ ਕਰੋ ਕਿ ਸਿਖਾਂ ਨੂੰ ਕਿਸੇ ਹੋਰ ਧਰਮ ਦੇ ਨਾਉਂ ਹੇਠਾ ਗਰਦਾਨਿਆਂ ਜਾਣਾ ਸਿਖਾਂ ਪ੍ਰਤੀ ਗਲਤ ਪੇਸ਼ਕਾਰੀ ਹੈ ਅਤੇ ਸਪਸ਼ਟ ਤੌਰ ਤੇ ਧਾਰਮਿਕ ਸੁਤੰਤਰਤਾ ਦੇਣ ਵਾਲੇ ਆਰਟੀਕਲ 25 ਦੀ ਹੀ ਉਲੰਘਣਾ ਹੈ।

ਆਪ ਵਲੋਂ ਅਜਿਹੀ ਕਾਰਵਾਈ ਰਾਹੀਂ ਕਾਫੀ ਹਦ ਤੱਕ ਉਨ੍ਹਾਂ ਅਨਸਰਾਂ ਦੇ ਪ੍ਰਾਪੇਗੰਡੇ ਨੂੰ ਵੀ ਠਲ ਪੈ ਜਾਵੇਗੀ ਜੋ ਸਹੀ ਜਾਣਕਾਰੀ ਦੀ ਅਣਹੋਂਦ ਕਾਰਨ ਜਾਂ ਜਾਣਬੁਝ ਕੇ ਇਹ ਰੱਟ ਲਗਾ ਰਹੇ ਹਨ ਕਿ 'ਸਿੱਖ ਹਿੰਦੂ ਹਨ'।

ਆਪ ਦੇ ਸਰਵਸ੍ਰੇਸ਼ਟ ਅਸਥਾਨ ਤੋਂ ਕਿਸੇ ਨਿਗਰ ਕਾਰਵਾਈ ਦੀ ਆਸ ਰਖਦੇ ਹਾਂ ਜਿਸ ਰਾਹੀਂ ਇਸ ਮਸਲੇ ਨੂੰ ਪੱਕੇ ਪੈਰੀਂ ਨਜਿਠਣ ਲਈ ਕਿਰਤਾਰਥ ਕਰੋਗੇ। ਜੇ ਇਸ ਮਸਲੇ ਤੇ ਕੋਈ ਹੋਰ ਜਾਣਕਾਰੀ ਦੀ ਜਰੂਰਤ ਮਹਿਸੂਸ ਹੋਵੇ ਤਾਂ ਇੰਸਟੀਚਿਊਟ ਦੇ ਮੈਂਬਰ ਹਰ ਵਕਤ ਹਾਜ਼ਰ ਹਨ ।

ਆਦਰ ਸਹਿਤ।

ਬਰਿੰਦਰਾ ਕੌਰ
ਪ੍ਰੈਜ਼ੀਡੈਂਟ